ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
0800 CLEANUS
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

03 December 2018 Daily, editornztasveer@gmail.com designnztasveer@gmail.com Ph/Fax: 09 390 4644 FREE

## ਨਿਊਜ਼ੀਲੈਂਡ ਦੀ ਇਸ ਟੈਕਸੀ ਨੂੰ ਔਰਤਾਂ ਹੀ ਚਲਾਉਣਗੀਆਂ ਅਤੇ ਔਰਤਾਂ ਹੀ ਸਫਰ ਕਰਨਗੀਆਂ



ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਔਰਤਾਂ ਦੀ ਸੁਰੱਖਿਆਂ ਨੂੰ ਮੱਦੇਨਜਰ ਰੱਖ ਕੇ ਨਿਊਜ਼ੀਲੈਂਡ ਦੇ ਵਿੱਚ ਨਵੀਂ ਟੈਕਸੀ ਸਰਵਿਸ 'ਡਰਾਈਵ ਹਰ' ਦੀ ਸ਼ੁਰੂਆਤ ਕੀਤੀ ਹੈ। ਇਹ ਨਿਊਜੀਲੈਂਡ ਦੀ ਪਹਿਲੀ ਅਜਿਹੀ ਟੈਕਸੀ ਸਰਵਿਸ ਹੋਵੇਗੀ ਜਿਸਨੂੰ ਔਰਤ ਡਰਾਈਵਰਾਂ ਵੱਲੋਂ ਚਲਾਇਆ ਜਾਵੇਗਾ ਅਤੇ ਇਸ ਵਿੱਚ ਸਿਰਫ ਮਹਿਲਾਵਾਂ ਨੂੰ ਸਫਰ ਦੀ ਇਜਾਜਤ ਹੋਵੇਗੀ। ਐਪ ਬੇਸ ਇਸ ਟੈਕਸੀ ਸਰਵਿਸ ਮਰਦ ਸਿਰਫ ਤਾਂ ਹੀ ਸਫਰ ਕਰਨ ਸਕਣਗੇ ਜੇ ਉਨ੍ਹਾਂ ਨਾਲ ਕੋਈ ਔਰਤ ਵੀ ਹੋਵੇਗੀ। ਇਸ ਸਰਵਿਸ ਨੂੰ ਲੈ ਕੇ ਵੱਖ-ਵੱਖ ਪ੍ਰਤੀਕਿਰਿਆਂਵਾਂ ਦਾ ਬਜਾਰ ਗਰਮ ਹੈ ਕਈਂ ਲੋਕਾਂ ਦਾ ਮੰਨਣਾ ਹੈ ਕਿ ਔਰਤਾਂ ਵੱਲੋਂ ਇਸ ਨੂੰ ਇਕੱਲੇ ਕਰਨਾ ਔਖਾ ਹੈ ਜਦਕਿ ਇਸ ਬਾਰੇ ਔਰਤਾਂ ਦਾ ਕਹਿਣਾ ਹੈ ਕਿ ਉਹ ਇਸ ਸਰਵਿਸ ਨੂੰ ਕਾਮਯਾਬ ਕਰਨਗੀਆਂ।

## ਨਿਊਜੀਲੈਂਡ 'ਚ 3 ਮਾਰਚ ਤੋਂ ਪੈਣਗੀਆਂ ਕਬੱਡੀ ਦੀਆਂ ਧਮਾਲਾਂ

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਕਬੱਡੀ ਫੈਡਰੇਸ਼ਨ ਆਫ ਨਿਊਜ਼ੀਲੈਂਡ ਦਾ ਸੀਜਨ ਅਗਲੇ ਸਾਲ 03 ਮਾਰਚ ਸ਼ੁਰੂ ਹੋਵੇਗਾ। ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਟੂਰਨਾਮੈਂਟ ਦਾ ਪਹਿਲਾ ਮੈਚ ਟੀ-ਪੁੱਕੀ ਹੋਵੇਗਾ ਅਤੇ ਬਾਕੀ ਮੈਚਾਂ ਦੇ ਸਥਾਨਾਂ ਅਤੇ ਟਾਈਮ ਦੀ ਜਾਣਕਾਰੀ ਆਉਂਦੇ ਕੁੱਝ ਦਿਨਾਂ ਵਿੱਚ ਜਾਰੀ ਕੀਤੀ ਜਾਵੇਗੀ।



ਪ੍ਰਬੰਧਕਾਂ ਨੇ ਕਿਹਾ ਕਿ ਇਸ ਵਾਰ ਵੀ ਪੰਜਾਬ ਤੋਂ ਕਬੱਡੀ ਦੇ ਵਧੀਆ ਖਿਡਾਰੀਆਂ ਨੂੰ ਵਿਸ਼ੇਸ਼ ਸੱਦਾ ਦੇ ਕੇ ਬੁਲਾਇਆ ਜਾਵੇਗਾ ਤਾਂ ਜੋ ਦਰਸ਼ਕ ਮਾਂ-ਖੇਡ ਕਬੱਡੀ ਦੇ ਮੈਚਾਂ ਦਾ ਭਰਪੂਰ ਅਨੰਦ ਮਾਣ ਸਕਣ, ਉਨਾਂ ਕਿਹਾ ਕਿ ਇਨ੍ਹਾਂ ਟੂਰਨਾਮੈਂਟਾਂ ਦਾ ਮਕਸਦ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਨੂੰ ਹੋਰ ਭਾਈਚਾਰਿਆਂ ਤੱਕ ਪਹੁੰਚਦੀ ਕਰਕੇ ਇਸ ਨੂੰ ਹੋਰ ਵੱਡੇ ਪੱਧਰ 'ਤੇ ਪ੍ਰਫੁਲਿਤ ਕਰਨਾ ਹੈ। ਇਸ ਮੌਕੇ ਭਾਰੀ ਗਿਣਤੀ ਵਿੱਚ ਪ੍ਰਬੰਧਕੀ ਟੀਮ ਦੇ ਮੈਂਬਰ ਅਤੇ ਦਰਸ਼ਕ ਮੌਜੂਦ ਸਨ।

## ਨਿਊਜੀਲੈਂਡ 'ਚ ਸਮੁੰਦਰ ਦੇ ਕੰਡੇ 145 ਮੱਛੀਆਂ ਦੀ ਮੌਤ



ਵਲਿੰਗਟਨ . ਨਿਊਜੀਲੈਂਡ ਦੇ ਸਟੀਵਰਟ ਟਾਪੂ ਵਿੱਚ ਇਕੱਠਾ ਹੋਈਆਂ 145 ਵੇਲ੍ਹ ਮੱਛੀਆਂ ਦੀ ਸਮੁੰਦਰ ਦੇ ਕੰਡੇ ਉੱਤੇ ਮੌਤ ਹੋ ਗਈ । ਇਨ੍ਹਾਂ ਨੂੰ ਹਾਈਕਿੰਗ ਲਈ ਆਏ ਲੋਕਾਂ ਨੇ ਵੇਖਿਆ ਸੀ । ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਲੋਕਾਂ ਨੇ ਉਨ੍ਹਾਂਨੂੰ ਵੇਲ੍ਹ ਮੱਛੀਆਂ ਦੇ ਕੰਡੇ ਉੱਤੇ ਪਏ ਹੋਣ ਦੀ ਜਾਣਕਾਰੀ ਦਿੱਤੀ , ਤੱਦ ਤੱਕ ਕਰੀਬ ਅੱਧੀ ਮੱਛੀਆਂ ਮਰ ਚੁੱਕੀਆਂ ਸਨ । ਇਸਦੇ ਬਾਅਦ ਬਾਕੀਆਂ ਦੀ ਬੁਰੀ ਹਾਲਤ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ । ਡਿਪਾਰਟਮੇਂਟ ਆਫ ਕੰਜਰਵੇਸ਼ਨ ( ਡੀਓਸੀ ) ਦੇ ਮੁਤਾਬਕ - ਉਹ ਸਮੁੰਦਰ ਕੰਡੇ ਪਈ ਵੇਲ੍ਹ ਵਾਪਸ ਪਾਣੀ ਵਿੱਚ ਭੇਜਣਾ ਚਾਹੁੰਦੇ ਸਨ , ਲੇਕਿਨ ਉਨ੍ਹਾਂ ਦੇ ਤੈਰਕੇ ਜਿਊਂਦਾ ਬਚਣ ਦੀ ਉਮੀਦ ਕਾਫ਼ੀ ਘੱਟ ਸੀ । ਡੀਓਸੀ ਦੇ ਮੈਨੇਜਰ ਰੇਨ ਲੇੱਪੇਂਸ ਨੇ ਕਿਹਾ ਕਿ ਵੇਲ੍ਹ ਨੂੰ ਕੰਡੇ ਉੱਤੇ ਹੀ ਪਏ ਰਹਿਣ ਦੇਣਾ ਹੀ ਜ਼ਿਆਦਾ ਬੇਹਤਰ ਸੀ । ਮੱਛੀਆਂ ਦਾ ਕਿਨਾਰੇ ਉੱਤੇ ਫਸਣ ਦੀ ਵਜ੍ਹਾ ਸਾਫ਼ ਨਹੀਂ

ਡੀਓਸੀ ਨੇ ਬਿਆਨ ਜਾਰੀ ਕਰ ਕਿਹਾ ਕਿ ਨਿਊਜੀਲੈਂਡ ਵਿੱਚ ਸਮੁੰਦਰ ਦੇ ਕੰਡੇ ਉੱਤੇ ਵੇਲ੍ਹ ਦਾ ਫਸਣਾ ਕੋਈ ਨਵੀਂ ਗੱਲ ਨਹੀਂ ਹੈ । ਹਰ ਸਾਲ ਕਰੀਬ 85 ਅਜਿਹੇ ਮਾਮਲੇ ਸਾਹਮਣੇ ਆਉਂਦੇ ਹਨ । ਹਾਲਾਂਕਿ , ਇੰਨੀ ਵੱਡੀ ਗਿਣਤੀ ਵਿੱਚ ਵੇਲ੍ਹ ਦਾ ਕੰਡੇ ਉੱਤੇ ਇਕੱਠਾ ਹੋਣਾ ਆਮ ਨਹੀਂ ਹੈ । ਏਜੰਸੀ ਨੇ ਕਿਹਾ ਕਿ ਹੁਣ ਤੱਕ ਇਹ ਤੈਅ ਨਹੀਂ ਹੈ ਕਿ ਅਖੀਰ ਕਿਉਂ ਵੇਲ੍ਹ ਅਤੇ ਡਾਲਫਿਨ ਕਿਨਾਰਿਆਂ ਉੱਤੇ ਫਸ ਜਾਂਦੀਆਂ ਹਨ । ਇਸਦੇ ਪਿੱਛੇ ਕੋਈ ਰੋਗ , ਵਾਵਰੋਲਾ ਜਾਂ ਰਸਤੇ ਤੋਂ ਭਟਕਣਾ ਵੀ ਇੱਕ ਵਜ੍ਹਾ ਹੋ ਸਕਦੀ ਹੈ ।

## ਆਕਲੈਂਡ 'ਚ ਚੋਰ ਨੂੰ ਫੜਨ ਲਈ ਪੁਲਸ ਨੂੰ ਕਰਨੀ ਪਈ ਭਾਰੀ ਮੁਸ਼ੱਕਤ



ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਖਤਰਨਾਕ ਢੰਗ ਨਾਲ ਗੱਡੀ ਚਲਾਉਣ, ਨੁਕਸਾਨ ਪਹੁੰਚਾਣ ਅਤੇ ਧਮਕੀ ਦੇ ਕੇ ਕਿਸੇ ਡਰਾਉਣ-ਧਮਕਾਉਣ ਵਰਗੇ ਅਪਰਾਧਾਂ ਦਾ ਸਾਹਮਣਾ ਕਰ ਰਹੇ ਇੱਕ ਵਿਅਕਤੀ ਨੂੰ ਫੜਨ ਲਈ ਪੁਲਸ ਨੂੰ ਕਾਫੀ ਮਿਹਨਤ ਕਰਨੀ ਪਈ । ਇਹੀ ਨਹੀਂ ਵੇਅਮਾਊਥ ਵਿੱਚ ਇੱਕ ਘਰ ਦੇ ਮੈਂਬਰਾਂ ਨੂੰ ਵੀ ਇਸ ਦਾ ਖਮਿਆਜਾ ਭੁਗਤਣਾ ਪਿਆ। ਪੁਲਸ ਤੋਂ ਭੱਜਿਆ ਇਹ ਵਿਅਕਤੀ ਘਰ ਦੀ ਛੱਤ 'ਤੇ ਜਾ ਚੜ੍ਹਿਆ ਜਿਸ ਕਰਕੇ ਘਰ 'ਚ ਰਹਿਣ ਵਾਲੇ ਪਰਿਵਾਰਕ ਮੈਂਬਰਾਂ ਨੂੰ ਘਰ ਦੇ ਅੰਦਰ ਲਗਭਗ 7 ਘੰਟੇ ਕੈਦ ਹੋ ਕੇ ਰਹਿਣਾ ਪਿਆ। ਕਾਫੀ ਜੱਦੋ-ਜਹਿਦ ਤੋਂ ਬਾਅਦ ਇਸਨੂੰ ਕਾਬੂ ਕੀਤਾ ਗਿਆ। ਮੈਨੂਕਾਊ ਜਿਲ੍ਹਾ ਅਦਾਲਤ ਵਿੱਚ ਇਸ ਨੂੰ ਪੇਸ਼ ਕੀਤਾ ਜਾਵੇਗਾ।

## ਆਕਲੈਂਡ 'ਚ ਕਨਸਟਰਕਸ਼ਨ ਵਰਕਰ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਆਕਲੈਂਡ 'ਚ ਇੱਕ ਵਿਅਕਤੀ ਨੂੰ 3 ਮੀਟਰ ਡੂੰਘੇ ਟੋਏ ਵਿੱਚ ਫਸ ਜਾਣ ਤੋਂ ਬਾਅਦ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ ਹੈ। ਐਮਰਜੈਂਸੀ ਸੇਵਾਵਾਂ ਦੇ ਸਟਾਫ ਨੇ ਦੱਸਿਆ ਕਿ ਉਨ੍ਹਾਂ ਨੂੰ ਲਗਭਗ ਇੱਕ ਵਜੇ ਇਸ ਸਬੰਧੀ ਸੂਚਨਾ ਮਿਲੀ ਸੀ ਕਿ ਇੱਕ ਵਿਅਕਤੀ 3 ਮੀਟਰ ਖੱਡੇ ਵਿੱਚ ਫਸ ਗਿਆ ਹੈ। ਇਹ ਘਟਨਾ Settlement Road Papakura ਦੀ ਹੈ। ਫਾਇਰ ਅਤੇ ਐਮਰਜੈਂਸੀ ਸਟਾਫ ਨੇ ਰੱਸਿਆਂ ਅਤੇ ਹੈਂਡਟੌਵਲਾਂ ਰਾਹੀਂ ਆਦਮੀ ਨੂੰ ਬਾਹਰ ਕੱਢਣ ਵਿੱਚ ਸਹਾਇਤਾ ਕੀਤੀ। ਇੱਕ ਪੁਲਿਸ ਬੁਲਾਰੇ ਨੇ ਕਿਹਾ ਕਿ ਇਹ ਇੱਕ ਵਰਕਪਲੇਸ ਸਬੰਧਤ ਘਟਨਾ ਸੀ ਅਤੇ ਮਰੀਜ਼ ਨੂੰ ਹਸਪਤਾਲ ਲਿਜਾਣਾ ਪਿਆ ਹੈ। ਇਸ ਸਬੰਧੀ ਪੁੱਛ-ਗਿੱਛ ਜਾਰੀ ਹੈ।

## ਆਕਲੈਂਡ 'ਚ ਕਨਸਟਰਕਸ਼ਨ ਵਰਕਰ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਆਕਲੈਂਡ 'ਚ ਇੱਕ ਵਿਅਕਤੀ ਨੂੰ 3 ਮੀਟਰ ਡੂੰਘੇ ਟੋਏ ਵਿੱਚ ਫਸ ਜਾਣ ਤੋਂ ਬਾਅਦ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ ਹੈ। ਐਮਰਜੈਂਸੀ ਸੇਵਾਵਾਂ ਦੇ ਸਟਾਫ ਨੇ ਦੱਸਿਆ ਕਿ ਉਨ੍ਹਾਂ ਨੂੰ ਲਗਭਗ ਇੱਕ ਵਜੇ ਇਸ ਸਬੰਧੀ ਸੂਚਨਾ ਮਿਲੀ ਸੀ ਕਿ ਇੱਕ ਵਿਅਕਤੀ 3 ਮੀਟਰ ਖੱਡੇ ਵਿੱਚ ਫਸ ਗਿਆ ਹੈ। ਇਹ ਘਟਨਾ Settlement Road Papakura ਦੀ ਹੈ। ਫਾਇਰ ਅਤੇ ਐਮਰਜੈਂਸੀ ਸਟਾਫ ਨੇ ਰੱਸਿਆਂ ਅਤੇ ਹੈਂਡਟੌਵਲਾਂ ਰਾਹੀਂ ਆਦਮੀ ਨੂੰ ਬਾਹਰ ਕੱਢਣ ਵਿੱਚ ਸਹਾਇਤਾ ਕੀਤੀ। ਇੱਕ ਪੁਲਿਸ ਬੁਲਾਰੇ ਨੇ ਕਿਹਾ ਕਿ ਇਹ ਇੱਕ ਵਰਕਪਲੇਸ ਸਬੰਧਤ ਘਟਨਾ ਸੀ ਅਤੇ ਮਰੀਜ਼ ਨੂੰ ਹਸਪਤਾਲ ਲਿਜਾਣਾ ਪਿਆ ਹੈ। ਇਸ ਸਬੰਧੀ ਪੁੱਛ-ਗਿੱਛ ਜਾਰੀ ਹੈ।

## ਭਾਰਤੀ-ਅਮਰੀਕੀਆਂ ਦੀ ਅਪੀਲ, ਸ਼ੁਰੂ ਹੋਵੇ ਅਟਲਾਂਟਾ ਤੋਂ ਏਅਰ ਇੰਡੀਆ ਦੀ ਉਡਾਣ

ਭਾਰਤੀ-ਅਮਰੀਕੀਆਂ ਨੇ ਭਾਰਤ ਸਰਕਾਰ ਨੂੰ ਅਟਲਾਂਟਾ ਤੋਂ ਏਅਰ ਇੰਡੀਆ ਦੀ ਉਡਾਣ ਸੇਵਾ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ। ਤਾਂ ਜੋ ਉਨ੍ਹਾਂ ਨੂੰ ਆਪਣੀ ਮਾਤਭੂਮੀ ਨਾਲ ਜੁੜਨ ਵਿਚ ਆਸਾਨੀ ਹੋ ਸਕੇ। ਫਿਲਹਾਲ ਨੇਪਾਰਕ, ਨਿਊਯਾਰਕ, ਵਾਸ਼ਿੰਗਟਨ ਡੀ.ਸੀ., ਸ਼ਿਕਾਗੋ, ਲਾਸ ਏਂਜਲਸ ਅਤੇ ਸਾਨ ਫ੍ਰਾਂਸਿਸਕੋ ਤੋਂ ਏਅਰ ਇੰਡੀਆਂ ਦੀ ਸਿੱਧੀ ਉਡਾਣ ਹੈ। ਵਿਦੇਸ਼ ਰਾਜ ਮੰਤਰੀ ਜਨਰਲ (ਰਿਟਾਇਰਡ) ਵੀ.ਕੇ. ਸਿੰਘ ਦੇ ਹਾਲ ਵਿਚ ਹੀ ਅਮਰੀਕੀ ਦੌਰੇ ਵਿਚ ਭਾਰਤੀ-ਅਮਰੀਕੀ ਸੰਗਠਨ ਦੇ ਜੋਰਜੀਆ ਚੈਪਟਰ ਵੱਲੋਂ ਇਕ ਮੰਗ ਪੱਤਰ ਸੌਂਪਿਆ ਗਿਆ ਸੀ ਜਿਸ ਵਿਚ ਕਿਹਾ ਗਿਆ ਹੈ ਕਿ ਅਟਲਾਂਟਾ ਤੋਂ ਭਾਰਤੀ ਸ਼ਹਿਰਾਂ ਵਿਚਕਾਰ ਸਿੱਧੀ ਉਡਾਣ ਸੇਵਾ ਸ਼ੁਰੂ ਹੋਣ ਨਾਲ ਅਮਰੀਕਾ ਦੇ ਦੱਖਣੀ-ਪੂਰਬੀ ਖੇਤਰ ਤੋਂ ਭਾਰਤ ਆਉਣ ਵਾਲੇ ਯਾਤਰੀਆਂ ਨੂੰ ਜ਼ਿਆਦਾ ਸਹੂਲਤ ਮਿਲੇਗੀ।

## ਵਰਕ ਵੀਜ਼ੇ ਦੀ ਬੇਨਤੀ ਲਈ ਜਾਅਲੀ ਡਰਾਈਵਿੰਗ ਲਾਇਸੈਂਸ ਦਿਖਾਉਣ ਵਾਲਾ ਪੰਜਾਬੀ ਹੋਵੇਗਾ ਡਿਪੋਰਟ

ਆਕਲੈਂਡ : ਬੀਤੇ 9 ਸਾਲ ਤੋਂ ਨਿਊਜ਼ੀਲੈਂਡ ਵਿਚ ਰਹਿ ਰਹੇ ਪੰਜਾਬੀ ਨੂੰ ਉਸ ਵੇਲੇ ਡਰਾਈਵਿੰਗ ਲਾਇਸੈਂਸ ਦਿਖਾਉਣਾ ਮਹਿੰਗਾ ਪੈ ਗਿਆ ਜਦੋਂ ਉਸ ਨੇ ਆਪਣੇ ਵੀਜ਼ਾ ਵਧਾਉਣ ਲਈ ਵਰਕ ਵੀਜ਼ੇ ਲਈ ਅਪਲਾਈ ਕੀਤਾ ਸੀ। ਜੋਧਬੀਰ ਸਿੰਘ ਨਾਮ ਦਾ ਇਹ ਵਿਅਕਤੀ ਡੇਅਰੀ ਕੰਪਨੀ ਲਈ ਫੋਰਕਲ ਡਰਾਈਵਿੰਗ ਦੇ ਤੌਰ 'ਤੇ ਕੰਮ ਕਰ ਰਿਹਾ ਸੀ ਅਤੇ ਉਹ ਬੀਤੇ 9 ਸਾਲਾਂ ਤੋਂ ਆਪਣੀ ਪਤਨੀ ਨਾਲ ਨਿਓਜ਼ੀਲੈਂਡ ਵਿਚ ਰਹਿ ਰਿਹਾ ਸੀ ਉਸ ਦੀ ਪਤਨੀ ਇੱਕ ਰੈਸਟੋਰੈਂਟ ਵਿਚ ਬਤੌਰ ਮੈਨੇਜਰ ਕੰਮ ਕਰਦੀ ਹੈ। ਜੋਧਬੀਰ ਸਿੰਘ ਵੱਲੋਂ ਬੀਤੀ ਮਾਰਚ ਵਿਚ ਵਰਕ ਵੀਜ਼ਾ ਲਈ ਅਪਲਾਈ ਕੀਤਾ ਗਿਆ ਸੀ ਜਿਸ ਵਿਚ ਸਬੂਤ ਵਜੋਂ ਉਸ ਨੇ ਆਪਣਾ ਭਾਰਤੀ ਲਾਇਸੈਂਸ ਲਗਾਇਆ ਸੀ। ਜੋ ਕਿ ਉਸ ਲਈ ਸਭ ਤੋਂ ਵੱਡੀ ਗਲਤੀ ਸਾਬਤ ਹੋਇਆ। ਇੰਮੀਗ੍ਰੇਸ਼ਨ ਅਧਿਕਾਰੀਆਂ ਨੇ ਜਦੋਂ ਉਸ ਦਾ ਭਾਰਤੀ ਲਾਇਸੈਂਸ ਤਸਦੀਕ ਕਰਵਾਇਆ ਤਾਂ ਉਹ ਲਾਇਸੈਂਸ ਜਾਅਲੀ ਪਾਇਆ ਗਿਆ। ਜਿਸ ਤੋਂ ਬਾਅਦ ਉਸ ਨੂੰ ਡਿਪੋਰਟ ਕਰਨ ਦੇ ਹੁਕਮ ਸੁਣਾਏ ਗਏ। ਪਰ ਜੋਧਬੀਰ ਦੇ ਵਕੀਲ ਵੱਲੋਂ ਇੱਕ ਐਪਲੀਕੇਸ਼ਨ ਦ=ਬਾਰਾ ਲਗਾਈ ਗਈ ਜਿਸ ਵਿਚ ਇਹ ਦਸਿਆ ਗਿਆ ਸੀ ਕਿ ਭਾਰਤ ਵਿਚ ਲਾਇਸੈਂਸ ਬਣਾਉਣ ਦਾ ਸਿਸਟਮ ਡਿਜੀਟਲ ਕੀਤਾ ਜਾ ਰਿਹਾ ਹੈ ਜਿਸ ਕਾਰਨ ਦਾ ਰਿਕਾਰਡ ਹਾਲੇ ਕੰਪਿਊਟਰ ਵਿਚ ਦਰਜ ਨਹੀਂ ਕੀਤਾ ਗਿਆ। ਉਨ੍ਹਾਂ ਇਸ ਦੇ ਨਾਲ ਇੱਕ ਲੈਟਰ ਆਫ ਅਥੈਟੀਕੇਸ਼ਨ ਵੀ ਦਿਖਾਇਆ ਜੋ ਇਹ ਦਰਸਾਉਂਦਾ ਸੀ ਕਿ ਉਸ ਦਾ ਲਾਇਸੈਂਸ ਸਹੀ ਹੈ, ਪਰ ਜਦੋਂ ਇਸ ਸਬੰਧੀ ਮੁੜ ਜਾਂਚ ਕੀਤੀ ਗਈ ਤਾਂ ਇਹ ਸਾਬਤ ਹੋ ਗਿਆ ਸੀ ਕਿ ਉਸ ਦਾ ਲਾਇਸੈਂਸ ਨਕਲੀ ਹੈ ਜਿਸ ਦੇ ਚਲਦਿਆਂ ਹੁਣ ਜੋਧਬੀਰ ਨੂੰ ਡਿਪੋਰਟ ਕੀਤਾ ਜਾਵੇਗਾ। ਇਥੇ ਦੱਸਣਾ ਬਣਦਾ ਹੈ ਕਿ ਜੋਧਬੀਰ ਸਿੰਘ 2009 ਵਿਚ ਨਿਊਜ਼ੀਲੈਂਡ ਆਇਆ ਸੀ ਅਤੇ ਉਸ ਦੀ ਪਤਨੀ ਦਾ ਵਰਕ ਵੀਜ਼ਾ 2020 ਤੱਕ ਹੈ ਉਨ੍ਹਾਂ ਦਾ ਇੱਕ ਬੱਚਾ ਵੀ ਹੈ ਜੋ ਇਥੋਂ ਦਾ ਹੀ ਜੰਮਪਲ ਹੈ।



## ਨਿਊਜੀਲੈਂਡ 'ਚ ਉੱਤਰੀ ਟਾਪੂ ਦੇ ਕੁਝ ਹਿੱਸਿਆਂ 'ਚ ਤੂਫਾਨ ਦੀ ਅਨੁਮਾਨਤ ਭਵਿੱਖਬਾਣੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਕੱਲ੍ਹ ਦੁਪਹਿਰ ਉੱਤਰੀ ਟਾਪੂ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਗਰਮ ਮੌਸਮ ਅਤੇ ਤੂਫਾਨ ਆਉਣ ਬਾਰੇ ਭਵਿੱਖ ਦੀ ਭਵਿੱਖਬਾਣੀ ਕੀਤੀ ਜਾ ਰਹੀ ਹੈਪ MetService ਨੇ ਤਹਾਪੇ, ਵੈਂਗਨਈ, ਮਾਨਾਵੱਟੂ, ਕਾਪੀਤੀ, ਹੋਰੋਹੁਨੇਆ ਅਤੇ ਵੈਲਿੰਗਟਨ 'ਚ ਤੂਫਾਨ ਅਤੇ ਗੜੇ ਪੈਣ ਦੀ ਭਵਿੱਖਬਾਣੀ ਨਾਲ ਖਰਾਬ ਮੌਸਮ ਦੀ ਚੇਤਾਵਨੀ ਜਾਰੀ ਕੀਤੀ ਹੈ। ਮੀਂਹ ਨਾਲ ਵਗਣ ਵਾਲੀਆਂ ਨਦੀਆਂ ਅਤੇ ਦਰਿਆਵਾਂ ਵਿੱਚ ਹੜ੍ਹ ਵਰਗੀ ਸਥਿਤੀ ਬਣ ਸਕਦੀ ਹੈ। ਦੁਪਹਿਰ ਦੇ ਸਮੇਂ ਬੈਸ ਆਫ ਪੈਟਿਨ ਅਤੇ ਗੇਸਬਰਨ ਵਿੱਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਕੱਲ੍ਹ ਸਵੇਰੇ ਵੈਕਾਟੋ ਅਤੇ ਦੱਖਣੀ ਔਕਲੈਂਡ 'ਚ ਬਾਰਸ਼ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ।

**Metrimonial**

Tonk Kashatriya, Sikh, 1985, 5'6", Qualification Mechatronics Engineering from NZ, Working in Mechanical Company in NZ, Siblings well settled in Australia and New Zealand. Required decent and educated Girl, Caste No Bar. Mb no. +64 21 136 7503